# <u>ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ</u>

ਐਸ.ਸੀ.ਓ.-102-103, ਸੈਕਟਰ 34 ਏ, ਚੰਡੀਗੜ੍ਹ, ਈਮੇਲ ਆਈ.ਡੀ. jd.ss@punjab.gov.in
ਟੈਲੀਫੋਨ ਨੰ.-0172-2608746,2602726
**https://sswcd.punjab.gov.in/**

ਰਾਜ ਸਰਕਾਰ ਵੱਲੋ ਬਜੁਰਗਾਂ ਦੀ ਭਲਾਈ ਵਾਸਤੇ 10 (ਦੱਸ) ਜਿਲ੍ਹੇ (ਬਠਿੰਡਾ, ਫਤਿਹਗੜ੍ਹ ਸਾਹਿਬ, ਜਲੰਧਰ, ਕਪੂਰਥਲਾ, ਪਟਿਆਲਾ, ਤਰਨਤਾਰਨ, ਗੁਰਦਾਸਪੁਰ, ਸ਼ਹੀਦ ਭਗਤ ਸਿੰਘ ਨਗਰ, ਐਸ.ਏ.ਐਸ ਨਗਰ ਅਤੇ ਮਲੇਰਕੋਟਲਾ) ਵਿੱਚ ਬਿਰਧ ਘਰ ਖੋਲਣ/ਚਲਾਉਣ ਸਬੰਧੀ ਗ੍ਰਾਂਟ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਗ੍ਰਾਂਟ ਲਈ ਹੇਠ ਲਿਖਿਆਂ ਸੰਸਥਾਵਾਂ ਅਰਜੀ ਦਾਇਰ ਕਰ ਸਕਦੀਆ ਹਨ:-

(ੳ) ਗੈਰ-ਸਰਕਾਰੀ ਐਨ.ਜੀ.ੳ ਰਜਿਸਟਰਡ, ਸਵੈ-ਇਛੁੱਕ ਸੰਸਥਾਵਾਂ/ਟਰਸਟ/ਰੈੱਡ ਕਰਾਸ ਸੋਸਾਇਟੀ ਜੋ ਬਿਰਧ ਘਰ ਚਲਾ ਰਹੀਆਂ ਹਨ ਜਾਂ ਜੋ ਅਜਿਹੇ ਹੋਮ ਨੂੰ ਘੱਟੋ-ਘੱਟ 25 ਬਜ਼ੁਰਗਾਂ ਵਾਸਤੇ 50,100,150 ਬਜੁਰਗਾਂ ਵਾਸਤੇ 12 ਮਹੀਨੇ ਵਿੱਚੋ ਸਥਾਪਿਤ ਕਰ ਸਕਦੀਆਂ ਹਨ।

(ਅ) ਰਾਜ/ ਪੰਚਾਇਤੀ ਰਾਜ/ ਲੋਕਲ ਸਥਾਨਕ ਸਰਕਾਰ ਵੱਲੋ Subordinate ਜਾਂ Autonomous ਤੋਰ ਤੇ ਚਲਾਈਆਂ ਜਾ ਰਹੀਆਂ ਸੰਸਥਾਵਾਂ।

(ੲ) ਸਰਕਾਰ ਤੋ ਮਾਨਤਾ ਪ੍ਰਾਪਤ ਵਿਦਿਅਕ ਅਦਾਰੇ/ਚੈਰੀਟੇਬਲ ਹਸਪਤਾਲ/ਨਰਸਿੰਗ ਹੋਮਜ਼/ ਮਾਨਤਾ ਪ੍ਰਾਪਤ ਯੂਥ ਸੰਸਥਾਵਾਂ।

ਗ੍ਰਾਂਟ ਲੈਣ ਵਾਲੀਆਂ ਸੰਸਥਾਵਾਂ ਕੋਲ ਆਪਣੀ ਬਿਲਡਿੰਗ ਹੋਣਾ ਜ਼ਰੂਰੀ ਹੈ। ਗ੍ਰਾਂਟ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਨੂੰ The Punjab Management of Senior Citizen Homes for Elderly Persons Scheme 2019 ਤਹਿਤ ਰਜਿਸਟ੍ਰਡ ਹੋਣਾ ਲਾਜ਼ਮੀ ਹੋਵੇਗਾ।

ਵਧੇਰੇ ਜਾਣਕਾਰੀ ਅਤੇ ਸ਼ਰਤਾਂ ਸਬੰਧੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ ਅਤੇ ਜਾਂ ਸ਼ਰਤਾਂ/ ਫਾਰਮ/ ਰਜਿਸਟਰੇਸ਼ਨ ਸਬੰਧੀ ਪਰਿਕ੍ਰਿਆ ਲਈ https://tinyurl.com/fcaeb22w ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ। ਗ੍ਰਾਂਟ ਲੈਣ ਸਬੰਧੀ ਸਾਲ 2022-23 ਲਈ ਆਪਣੀਆਂ ਅਰਜ਼ੀਆਂ ਹਰ ਪੱਖੋਂ ਮੁਕੰਮਲ ਕਰਕੇ ਸਬੰਧਤ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਦੇ ਦਫਤਰ ਨੂੰ ਮਿਤੀ 25-09-2022 ਤੱਕ ਭੇਜਣੀਆਂ ਜਾਣ। ਮਿਥੀ ਮਿਤੀ ਤੋਂ ਬਾਅਦ ਪ੍ਰਾਪਤ ਕੇਸਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਉਪਰੋਕਤ ਹਦਾਇਤਾਂ ਅਤੇ ਨਿਯਮਾਂ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨ ਲਈ ਸਰਕਾਰ/ ਵਿਭਾਗ ਦੇ ਹੱਕ ਰਾਖਵੇਂ ਹੋਣਗੇ।

ਸੰਪਰਕ :-
ਚਰਨਜੀਤ ਸਿੰਘ ਮਾਨ,
ਸੰਯੁਕਤ ਡਾਇਰੈਕਟਰ (ਸਸ)
94176-77900,

ਸਹੀ/-
ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ
ਇਸਤਰੀ ਤੇ ਬਾਲ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ।